# ਦਫਤਰ ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ , ਮੋਹਾਲੀ

ਬਲਾਕ-ਈ, ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਛੇਵੀਂ ਮੰਜਿਲ, ਫੇਜ਼-8, ਮੋਹਾਲੀ
ਫੋਨ ਨੰ. 0172-2212221

ਵੱਲ :-

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ)
ਸਮੂਹ ਪ੍ਰਿੰਸੀਪਲ ਡਾਇਟ ਪੰਜਾਬ
ਸਮੂਹ ਡੀ.ਐਮ. ਅਤੇ ਬੀ.ਐਮ. (ਗਣਿਤ)
ਸਮੂਹ ਸਕੂਲ ਮੁੱਖੀ ਵੈਬਸਾਈਟ ਰਾਹੀਂ,
ਸਮੂਹ ਸਬੰਧਤ ਅਧਿਆਪਕ

ਮੀਮੋ ਨੰ. SCERT/2017,QP/UP/2014,2018/088
ਮਿਤੀ :- 22.01.2018

ਵਿਸ਼ਾ :- 'ਪੜ੍ਹੋ ਪੰਜਾਬ ਪੜ੍ਹਾਓ ਪੰਜਾਬ-ਗਣਿਤ' ਅਧੀਨ ਗਣਿਤ ਵਿਸ਼ੇ ਦੇ **Endline** ਸਬੰਧੀ।

ਹਵਾਲਾ :- **SCERT/SSA/201712858,** ਮਿਤੀ: 22.11.2017

1. ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।
2. ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ ਸਕੂਲ ਸਿੱਖਿਆ ਵਿਭਾਗ ਵੱਲੋਂ, ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਪ੍ਰੋਗਰਾਮ (ਅੱਪਰ ਪ੍ਰਾਇਮਰੀ) ਤਹਿਤ ਰਾਜ ਦੇ ਸਾਰੇ ਸਰਕਾਰੀ ਮਿਡਲ, ਹਾਈ ਅਤੇ ਸੀ.ਸੈਕੰਡਰੀ ਸਕੂਲਾਂ ਵਿੱਚ ਪੜ੍ਹਦੇ ਛੇਵੀਂ, ਸੱਤਵੀਂ ਅਤੇ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਦਾ ਗਣਿਤ ਵਿਸ਼ੇ ਦਾ ਬੇਸ-ਲਾਇਨ ਕਰਵਾਇਆ ਗਿਆ ਸੀ।
3. ਇਸ ਪ੍ਰੋਗਰਾਮ ਤਹਿਤ ਬੇਸ-ਲਾਈਨ ਉਪਰੰਤ ਸਮੂਹ ਵਿਦਿਆਰਥੀਆਂ ਨੂੰ ਗਣਿਤ ਦੀਆਂ ਮੁੱਢਲੀਆਂ ਕਿਰਿਆਵਾਂ ਵਿੱਚ ਪਰਿਪੱਕਤਾ ਲਿਆਉਣ ਲਈ ਵਿਭਾਗ ਵੱਲੋਂ ਜਾਰੀ ਪ੍ਰੈਕਟਿਸ ਸ਼ੀਟਾਂ ਵੀ ਕਰਵਾਈਆ ਜਾ ਰਹੀਆਂ ਹਨ।ਜਿਸ ਵਿੱਚ ਆਪ ਜੀ ਦੀ ਸ਼ਮੂਲੀਅਤ ਬਹੁਤ ਜਰੂਰੀ ਹੈ।
4. ਇਸ ਪ੍ਰੋਗਰਾਮ ਦਾ ਮੁਲਾਂਕਣ ਕਰਣ ਲਈ ਮਿਤੀ 05.02.2018 ਤੋਂ 06.02.2018 ਤੱਕ ਗਣਿਤ ਵਿਸ਼ੇ ਦਾ **endline** ਕਰਵਾਇਆ ਜਾ ਰਿਹਾ ਹੈ। ਇਸ **endline** ਦੇ ਮੁਲਾਂਕਣ ਟੂਲ ਲਈ ਵਿਭਾਗ ਵੱਲੋਂ ਪਹਿਲਾਂ ਜਾਰੀ ਪੱਤਰ ਨੰ: **SCERT/SSA/201712857,** ਮਿਤੀ: 21-11-2017 ਦੁਆਰਾ ਗਣਿਤ ਦੇ ਲਈ ਪ੍ਰਤੀ ਵਿਦਿਆਰਥੀ 4 ਪੇਜ਼ਾਂ (**Endline Question cum - Answer Sheet)** ਦੇ ਪੈਸੇ ਸਕੂਲਾਂ ਨੂੰ ਭੇਜੇ ਜਾ ਚੁੱਕੇ ਹਨ।

5. ਇਸ ਸਬੰਧ ਵਿੱਚ ਮਿਤੀ : 01.02.2018 ਨੂੰ ਵਿਭਾਗ ਵੱਲੋਂ ਸਮੂਹ ਡੀ.ਐਮ. ਦੁਆਰਾ ਇਹ **endline** ਦਾ ਮੁਲਾਂਕਣ ਟੂਲ **e-mail** ਰਾਹੀਂ ਜਾਰੀ ਕਰ ਦਿੱਤਾ ਜਾਵੇਗਾ ਅਤੇ ਡੀ.ਐਮ./ ਬੀ.ਐਮ. ਦੁਆਰਾ ਸਮੂਹ ਸਕੂਲਾਂ ਨੂੰ **e-mail** ਕਰ ਦਿੱਤਾ ਜਾਵੇਗਾ। ਇਸ ਲਈ ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਮਿਤੀ : 02.02.2018 ਤੋ 03.02.2018 ਤੱਕ **endline** ਤੋਂ ਇਕ ਦਿਨ ਪਹਿਲਾਂ ਵਿਦਿਆਰਥੀਆਂ ਦੀ ਗਿਣਤੀ ਮੁਤਾਬਿਕ **endline** ਮੁਲਾਂਕਣ ਟੂਲ ਦੇ **printout** ਲੈ ਲਏ ਜਾਣ ਜੀ। ਇਹਨਾਂ **endline** ਦੇ ਪ੍ਰਿੰਟ ਆਊਟ ਦੀ **secreacy** ਦੀ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ ਅਤੇ ਸਮੂਹ ਸਕੂਲ ਮੁੱਖੀ ਇਹ ਯਕੀਨੀ ਬਣਾਉਣਗੇ ਕਿ ਇਸ **endline** ਵਿੱਚ ਛੇਵੀਂ,ਸੱਤਵੀਂ ਅਤੇ ਅੱਠਵੀਂ ਜਮਾਤ ਦਾ ਹਰੇਕ ਵਿਦਿਆਰਥੀ ਲਾਜਮੀ ਤੌਰ ਤੇ ਭਾਗ ਲਵੇ।

6. ਪ੍ਰਿੰਸੀਪਲ/ਮੁੱਖ ਅਧਿਆਪਕ ਦੁਆਰਾ ਉਹਨਾਂ ਦੇ ਕੰਪਲੈਕਸ ਅਧੀਨ ਪੈਂਦੇ ਮਿਡਲ ਸਕੂਲਾਂ ਨੂੰ ਵੀ ਪ੍ਰਿੰਟ/ਕੰਪਿਊਟਰ ਪ੍ਰਿੰਟ (ਵਿਦਿਆਰਥੀਆਂ ਦੀ ਗਿਣਤੀ ਅਨੁਸਾਰ) ਕਢਵਾ ਕੇ ਮੁਹੱਈਆ ਕਰਵਾਉਣਗੇ।

7. ਸਮੂਹ ਡੀ.ਈ.ਓ (ਸੈ.ਸਿੱ) ਅਤੇ ਪ੍ਰਿੰਸੀਪਲ ਡਾਇਟ ਅਤੇ ਸਿੱਖਿਆ ਸੁਧਾਰ ਟੀਮਾਂ, ਸਮੂਹ ਡੀ.ਐਮ. ਗਣਿਤ ਅਤੇ ਬੀ.ਐਮ ਗਣਿਤ ਇਹ ਯਕੀਨੀ ਬਣਾਉਣਗੇ ਕਿ ਗਣਿਤ ਦਾ **endline** ਬਹੁਤ ਧਿਆਨ ਪੂਰਵਕ ਨਾਲ ਲਿਆ ਜਾਵੇ ਅਤੇ ਇਸ ਵਿੱਚ ਹਰੇਕ ਵਿਦਿਆਰਥੀ ਬਿਨਾਂ ਕਿਸੇ ਡਰ ਅਤੇ ਉਤਸ਼ਾਹਿਤ ਹੋਕੇ ਟੈਸਟ ਵਿੱਚ ਭਾਗ ਲਵੇ। ਤਾਂ ਜ਼ੋ ਵਿਦਿਆਰਥੀਆਂ ਦੀ ਗਣਿਤ ਦੀਆਂ ਮੁਢੱਲੀਆਂ ਕ੍ਰਿਆਵਾਂ ਵਿੱਚ ਹੋਈ ਪ੍ਰੋਗਰੈਸ ਦਾ ਸਹੀ ਮੁਲਾਂਕਣ ਕੀਤਾ ਜਾਵੇ ਜੀ।

8. **Endline** ਦੀ **result sheet** ਮਿਤੀ : 10.02.2018 ਤੱਕ ਸਮੂਹ ਡੀ.ਐਮ.ਅਤੇ ਬੀ.ਐਮ ਦੁਆਰਾ ਹਰ ਹਾਲ ਵਿੱਚ ਅਪਲੋਡ ਕੀਤਾ ਜਾਵੇਗਾ ਤਾਂ ਜੋ ਇਸ ਦੀ ਮੁੱਖ ਦਫਤਰ ਵੱਲੋਂ ਸਮੇਂ ਸਿਰ ਰਿਪੋਰਟ **generate** ਕੀਤੀ ਜਾ ਸਕੇ।

ਇਸ ਨੂੰ ਅਤੀ ਜਰੂਰੀ ਸਮਝਿਆ ਜਾਵੇ।

ਸ.ਡਾ. ਡਾਇਰੈਕਟਰ ਐਸ.ਸੀ.ਈ.ਆਰ.ਟੀ
ਪੰਜਾਬ